# 16 ਨਵੰਬਰ 1915 ਦੇ ਸੱਤ ਗ਼ਦਰੀ ਸ਼ਹੀਦਾਂ ਬਾਰੇ ਅਦਾਲਤੀ ਫੈਸਲਾ

ਮਲਵਿੰਦਰ ਜੀਤ ਸਿੰਘ ਵੜੈਚ

**(ੳ) ਸਮੁਚੇ ਅਦਾਲਤੀ ਫ਼ੈਸਲੇ ਦੀ ਰੂਪ-ਰੇਖਾ:**

(1) ਗ਼ਦਰੀਆਂ ਨੂੰ ਜੱਜਾਂ “ਰੈਵੋਲਿਊਸਨਿਸਟ” (Revolutionist) ਹੀ ਦਰਸਾਇਆ ਗਿਐ, ਇਥੋਂ ਤੱਕ ਕਿ ਉਹਨਾਂ ਨੂੰ ਅਨਾਰਕਿਸਟ (Anarchist) ਜਾਂ ਅਰਾਜਕਤਵਾਦੀ ਕਹਿਣ ਤੋਂ ਵੀ ਸੌ ਫ਼ੀਸਦੀ ਗੁਰੇਜ਼ ਕੀਤਾ ਗਿਐ। ਲੰਮੇ ਚੌੜੇ ਫ਼ੈਸਲੇ ’ਚ ਥਾਂ-ਪੁਰ-ਥਾਂ ਗ਼ਦਰੀਆਂ ਨੂੰ ਇਨਕਲਾਬੀ ਹੀ ਦਰਸਾਇਆ ਗਿਆ ਹੈ।

ਗ਼ੌਰਤਲਬ ਹੈ ਕਿ ਜਿਵੇਂ ਗ਼ਦਰ ਸ਼ਤਾਬਦੀ ਦੌਰਾਨ ਗਰਮਾ-ਗਰਮ ਵਿਵਾਦ ਭਖਿਆ ਸੀ ਕਿ ਗ਼ਦਰੀ ਬਾਰੇ “ਮੂਲ ਰੂਪ ਵਿੱਚ” ਹੈ ਕੌਣ ਸਨ?

ਦੇਖਿਆ ਜਾਏ ਤਾਂ ਉਸ ਅਦਾਲਤ ਜਿਸ ਨੇ ਗ਼ਦਰੀਆਂ ਦੇ ਕਤਲ, ਡਾਕੇ, ਤੇ ‘ਮਾਰੋ ਫਰੰਗੀ ਕੋ’ ਜਹੇ ਜੈਕਾਰੇ ਆਦਿ ਸਭ ਕੁੱਝ ਪੂਰੇ ਵਿਸਥਾਰ ਨਾਲ ਵਾਚਿਆ ਸੀ, ਉਸ ਨੇ ਵੀ ਉਹਨਾਂ ਨੂੰ ‘ਇਨਕਲਾਬੀ’ ਹੀ ਮਿਥਿਆ ਹੈ।

ਆਮ ਪ੍ਰਚਲਤ ਧਾਰਨਾ ਅਨੁਸਾਰ ਅੰਗ੍ਰੇਜ਼ਾਂ ਨੇ ਗ਼ਦਰੀਆਂ ਨੂੰ ਡਾਕੂ ਜਾਂ ਕਾਤਲ ਕਹਿਕੇ ਭੰਡਿਆ ਹੈ, ਇਸਦੇ ਬਿਲਕੁਲ ਉਲਟ ਅਦਾਲਤਾਂ ਦੀ ਨਜ਼ਰ ਵਿੱਚ ਉਹ ਸਟੀਕ ਇਨਕਲਾਬੀ ਹਨ, ਪਰ ਦੂਜੇ ਹੱਥ ਜਿਹੜਾ ਉਹਨਾਂ ਤੇ ਡਾਕੂ, ਕਾਤਲ, ਆਦਿ ਦੀਆਂ ਊਜਾਂ ਲਾਈਆਂ ਗਈਆਂ ਸੀ, ਉਹ ਆਪਣੇ ਹੀ ਹਮਵਤਨਾਂ ਵੱਲੋਂ ਲਾਈਆਂ ਗਈਆਂ ਸੀ, ਜਿਨ੍ਹਾਂ ਦੇ ਮੋਹਰੀ ਚੀਫ਼ ਖਾਲਸਾ ਦੀਵਾਨੀਏ ਤੇ ਨਾਰੰਗਵਾਲ ਦਾ ਗੱਜਣ ਸਿੰਘ ਸੀ; ਇਥੋਂ ਤੱਕ ਕਿ ਸਮਕਾਲੀ ਅੰਗ੍ਰੇਜ਼ੀ ਰਸਾਲੇ, “ਖਾਲਸਾ ਐਡਵੋਕੇਟ”, ਮਿਤੀ 18 ਸਤੰਬਰ 1915 ਦੇ ਸੰਪਾਦਕੀ ’ਚ 13 ਸਤੰਬਰ 1915 ਵਾਲੇ ਉਕਤ ਫੈਸਲੇ ਦਾ ਭਰਪੂਰ ਸਵਾਗਤ ਕੀਤਾ ਗਿਆ ਸੀ, ਤੇ ਸਰਕਾਰ ਨੂੰ ਯਾਚਨਾ ਕੀਤੀ ਗਈ ਸੀ ਕਿ ਇਹਨਾਂ ਸ਼ੈਤਾਨਾਂ ਦੀਆਂ ਸਜ਼ਾਵਾਂ ਵਿੱਚ ਕੋਈ ਛੋਟ ਜਾਂ ਰਿਆਇਤ ਨਾ ਦਿੱਤੀ ਜਾਏ।

(2) “ਰੂਲ ਔਫ਼ ਲਾਅ” ਭਾਵ ਕਾਨੂੰਨੀ ਵਿਵਸਥਾ ਦੀ ਸਰਵਉਚਤਾ ਨਾਲ ਖਿਲਵਾੜ — “ਨਾ ਵਕੀਲ, ਨਾ ਦਲੀਲ, ਨਾ ਅਪੀਲ” — ਜਾਬਰ ਹਾਕਮਾਂ ਨੇ ਡੀਫੈਂਸ ਔਫ ਇੰਡੀਆ ਦੇ ਨਾਦਰਸ਼ਾਹੀ ਫ਼ਰਮਾਨ ਦੁਆਰਾ ਸਪੈਸ਼ਲ ਟ੍ਰਿਬਿਊਨਲਾਂ ਨੂੰ ਸਾਧਾਰਨ ਫੌਜਦਾਰੀ ਨਿਯਮਾਂਵਲੀ ਤੋਂ ਛੋਟ ਦੇ ਕੇ ਹਰ ਤਰ੍ਹਾਂ ਦੀ ਮਨਮਾਨੀ ਕਰਨ ਲਈ ਰਾਹ ਪਧਰਾ ਕਰ ਦਿੱਤਾ। ਸਿੱਟੇ ਵਜੋਂ 61 ਦੋਸ਼ੀਆਂ ’ਚੋਂ 24 ਨੂੰ ਫਾਂਸੀ, 17 ਨੂੰ ਉਮਰ ਕੈਦ ਕਾਲਾ-ਪਾਣੀ ਤੇ 15 ਨੂੰ ਲੰਮੀਆਂ ਕੈਦਾਂ ਤੇ ਕੇਵਲ ਪੰਜਾਂ ਨੂੰ ਬਰੀ ਕੀਤਾ ਗਿਆ ਸੀ।

(3) ਲਾਲਾ ਹਰਦਿਆਲ ਦੀ ਖਿੱਲੀ ਉਡਾਈ ਗਈ ਹੈ ਕਿ ਉਹ ਭੋਲੇ-ਭਾਲੇ ਲੋਕਾਂ ਨੂੰ ਅੱਗੇ ਲਾਕੇ ਆਪ ਖਿਸਕ ਗਿਆ ਸੀ, ਜ਼ਿਕਰਯੋਗ ਹੈ ਕਿ ਖਟਕਰ ਕਲਾਂ ਅਜਾਇਬ ਘਰ ’ਚ ਉਪਲਬਦ ਫੈਸਲੇ ਦੀ ਫਾਈਲ ਵਿੱਚ ਸ਼ਹੀਦ ਭਗਤ ਸਿੰਘ ਦੀ ਇਸ ਬਾਰੇ ਟਿੱਪਣੀ ਹੈ “ਬਿਲਕੁਲ ਦਰੁਸਤ”।

(4) ਜੱਜਾਂ ਅਨੁਸਾਰ, “19 ਫਰਵਰੀ 1915 ਦੇ ਗ਼ਦਰੀ ਹੰਭਲੇ ਤੋਂ ਅਸੀਂ ਸਾਰੇ ਚੰਗੇ ਭਾਗੀਂ ਹੀ ਬਚੇ ਹਾਂ, ਜੇ ਕਿਤੇ ਕਿਰਪਾਲ ਸਿੰਘ (ਜਾਸੂਸ) ਵਕਤ ਸਿਰ ਸਾਨੂੰ ਨਾ ਦੱਸਦਾਂ ਤਾਂ ‘ਹੇਠਲੀ ਓਤੇ’ ਹੋ ਜਾਂਦੀ।”

(5) ਆਮ ਲੋਕਾਂ ਅਤੇ ਫ਼ੌਜਾਂ ਦੀ ਗ਼ਦਰ ਵਿੱਚ ਸਮੂਲੀਅਤ ਤੇ ਜੋ ਵੇਰਵੇ ਦਰਸਾਏ ਗਏ ਹਨ, ਉਹ ਘੱਟੋ-ਘੱਟ ਇਸ “ਹੂੰਝਾ ਫੇਰੂ” ਧਾਰਨਾ ਨੂੰ ਤਾਂ ਨਕਾਰਦੇ ਹੀ ਹਨ ਕਿ ਗ਼ਦਰੀਆਂ ਨੂੰ ਭਾਰਤ ਆਕੇ ਕਿਤੋਂ ਹੁੰਗਾਰਾ ਮਿਲਿਆ ਹੀ ਨਹੀਂ ਸੀ।

(6) ਗ਼ਦਰੀ ਸਿਰਫਿਰੇ ਤਾਂ ਸੀਗੇ, ਪਰ ‘ਅਕਲੋਂ ਖਾਲੀ’ ਬਿਲਕੁਲ ਨਹੀਂ ਸਨ। ਜਿਸ ਵਿਸਥਾਰ ਤੇ ਬਰੀਕੀ ਨਾਲ ਗ਼ਦਰ ਦੀ ਸਕੀਮ ਉਲੀਕੀ ਗਈ ਸੀ, ਉਹ ‘ਸਰਬ ਕਲਾ ਨਿਪੁੰਨ’ ਸੀ; ਫ਼ੌਜੀਆਂ, ਪੇਂਡੂਆਂ, ਵਿਦਿਆਰਥੀਆਂ ਨੂੰ ਇੱਕ ਲੜੀ ’ਚ ਪਰੋਣਾ, ਹਥਿਆਰ, ਆਦਿ ਜੁਟਾਉਣੇ, ਬੰਬ ਸਾਜ਼ੀ ’ਚ ਮੁਹਾਰਤ, ਤਾਲਮੇਲ ਸਿਸਟਮ ਦੀ ਵੱਡੀ ਮਿਸਾਲ — ਅਖੀਰਲੀ ਘੜੀ ਗ਼ਦਰ ਦੀ ਤਰੀਕ 21 ਤੋਂ 19 ਕਰਵਾ ਕੇ ਪੇਸ਼ਗੀ ਤਰੀਕ ਦੀ ਥਾਉਂ-ਥਾਈਂ ਸੂਚਨਾ ਪੁਚਾਉਣਾ, ਇਹ ਸਭ ਕੁੱਝ ਨਿਰੋਲ ਸਿਰਫਿਰੇ ਤਾਂ ਨਹੀਂ ਕਰ ਸਕਦੇ ਸੀ।

(7) ਗ਼ਦਰ ਲਹਿਰ ਦਾ ਫੈਲਾਅ ਤੇ ਵਿਸਥਾਰ ਬੇਸ਼ਕ ਅੰਤਮ-ਰਾਸ਼ਟਰੀ ਪੱਧਰ ਦਾ ਸੀ, ਜੀਹਦਾ ਖੁਲਾਸਾ ਮੁਕਦਮਿਆਂ ਦੌਰਾਨ ਵਾਦਾ ਮਾਫਾਂ ਨੇ ਕੀਤਾ ਸੀ।

ਬੜੇ ਦੁੱਖ ਦੀ ਗੱਲ ਹੈ ਕਿ ਗ਼ਦਰ ਪਾਰਟੀ ਲਹਿਰ ਬਾਰੇ ਜਿੰਨੀ ਚੁੰਝ-ਚਰਚਾ ਹੁੰਦੀ ਰਹੀ ਤੇ ਹੋ ਰਹੀ ਹੈ, ਉਹ ਆਮ ਤੌਰ ਤੇ ਤੱਥਾਂ ਦੀ ਬਜਾਏ ਧਾਰਨਾਵਾਂ ਤੇ ਆਧਾਰਤ ਹੁੰਦੀ ਹੈ, ਤੇ ਕੋਈ ਵਿਰਲਾ ਟਾਵਾਂ ਟਿੱਪਣੀਕਾਰ ਹੀ ਮੂਲ ਸਰੋਤਾਂ ਨੂੰ ਫ਼ਰੋਲ ਕੇ ਟਕਸਾਲੀ ਤੱਥਾਂ ਨੂੰ ਭਾਲਣ ਦਾ ਉਦਮ ਕਰਦਾ ਹੈ, ਏਥੋਂ ਤੱਕ ਕਿ ਲੇਖਕ ਨੇ ਜਦੋਂ ਉਪਰਲੇ ਤੱਥ ਕੌਮਾਤਰੀ ਪੱਧਰ ਦੇ ਗ਼ਦਰ ਸ਼ਤਾਬਦੀ ਦੇ ਚੰਡੀਗੜ੍ਹ ਵਿਖੇ ਹੋਏ ਸੈਮੀਨਾਰ ’ਚ ਪੜ੍ਹੇ ਤਾਂ ਲੱਗਭੱਗ ਸਾਰੇ ਦੇ ਸਾਰੇ ਬੁਲਾਰਿਆਂ ਨੇ ਇਸ ਨੂੰ ਨਿਵੇਕਲੀ ਖੋਜ ਵਜੋਂ ਸਲਾਹਿਆ ਸੀ।

**(ਅ) ਸ਼ਹੀਦਾਂ ਬਾਰੇ**

**(1) ਕਰਤਾਰ ਸਿੰਘ ਸਪੁੱਤਰ ਮੰਗਲ ਸਿੰਘ ਜੱਟ, ਪਿੰਡ ਸਰਾਭਾ, ਥਾਣਾ ਰਾਏਕੋਟ, ਜ਼ਿਲ੍ਹਾ-ਲੁਧਿਆਣਾ:**

ਇਹ ਮੁਲਜ਼ਮ, ਜਿਸ ਨੇ ਆਪਣੇ ਖ਼ਿਲਾਫ਼ ਆਇਦ ਦੋਸ਼ਾਂ ਨੂੰ ਗ਼ਲਤ ਕਿਹੈ (ਪੰਨਾ-545), ਨੇ ਆਪਣੀ ਉਮਰ 18.5 ਸਾਲ ਦੱਸੀ; ਪਰ ਉਹ ਨਿਸ਼ਚੇ ਹੀ ਇਸ ਤੋਂ ਵੱਧ ਉਮਰ ਦਾ ਸੀ ਸ਼ਾਇਦ 20 ਸਾਲ ਤੋਂ ਵੱਧ ਦਾ। ਉਸ ਦੀ ਉਮਰ ਦੇ ਬਾਵਜੂਦ ਉਹ 61 ਦੋਸ਼ੀਆਂ ਵਿਚੋਂ ਸਭ ਤੋਂ ਵਧੇਰੇ ਅਹਿਮ ਸੀ; ਅਤੇ ਉਸ ਦੀ ਮਿਸਲ ਸਭ ਤੋਂ ਮੋਟੀ ਸੀ। ਕੁਲ ਮਿਲਾ ਕੇ ਅਮਰੀਕਾ, ਸਫਰ ਦੌਰਾਨ ਅਤੇ ਭਾਰਤ ਵਿਚ ਸਾਜਿਸ਼ ਦਾ ਕੋਈ ਵੀ ਅਜਿਹਾ ਕਾਂਡ ਨਹੀਂ ਸੀ ਜਿਸ ਵਿਚ ਇਸ ਮੁਲਜ਼ਮ ਨੇ ਕੋਈ ਭੂਮਿਕਾ ਨਾ ਨਿਭਾਈ ਹੋਵੇ। ਪੂਰੀ ਸੁਣਵਾਈ ਦੌਰਾਨ ਉਹ ਸਰਕਾਰੀ ਵਕੀਲ ਦੇ ਸਵਾਲਾਂ ਨੂੰ ਗੌਲਣ ਤੋਂ ਜਾਂ (ਇਕ ਜਾਂ ਦੋ ਸਵਾਲਾਂ ਨੂੰ ਛੱਡ ਕੇ) ਜਿਰ੍ਹਾ ਕਰਨ ਤੋਂ ਵੀ ਇਨਕਾਰੀ ਰਿਹਾ; ਭਾਵੇਂ ਉਸ ਨੇ ਦੋ ਲੰਬੇ ਬਿਆਨ ਦਿੱਤੇ ਹਨ (ਪੰਨੇ 443 ਅਤੇ 480), ਉਸ ਨੇ 23 ਜਨਵਰੀ ਦੀ ਸਾਹਨੇਵਾਲ ਡਕੈਤੀ ਵਿਚ ਸ਼ਾਮਿਲ ਹੋਣਾ ਮੰਨਿਐ, ਜਿਸ ਦੌਰਾਨ ਖੁਸ਼ੀ ਰਾਮ ਦਾ ਕਤਲ ਹੋ ਗਿਆ ਸੀ ਅਤੇ ਉਸ ਨੇ ਅਮਰੀਕਾ ਵਿਚ ਹਰਦਿਆਲ ਨਾਲ ਸਬੰਧ ਅਤੇ ਸਾਨਫਰਾਂਸਿਸਕੋ ਵਿਚ 'ਗ਼ਦਰ ਪ੍ਰੈੱਸ' ਵਿਚ ਆਪਣੀ ਭੂਮਿਕਾ ਨੂੰ ਵੀ ਸਵੀਕਾਰਿਆ ਹੈ।

ਮੁਲਜ਼ਮ ਨੇ ਅਮਰੀਕਾ ਵਿਚ ਗ਼ਦਰ ਪਾਰਟੀ ਨਾਲ ਆਪਣੇ ਸਬੰਧਾਂ ਬਾਰੇ ਅਤੇ ਹਰਦਿਆਲ ਨਾਲ ਆਪਣੀ ਸਾਂਝ ਬਾਰੇ ਪੂਰੀ ਤਰ੍ਹਾਂ ਕਬੂਲ ਕਰ ਲਿਆ ਹੈ। ਉਸ ਨੇ ਅਸਟੋਰੀਆ ਅਤੇ ਸੈਕਰੋਮੈਂਟੋ ਵਿਚ ਮੀਟਿੰਗਾਂ ਵਿੱਚ ਆਪਣਾ ਸ਼ਾਮਲ ਹੋਣਾ ਵੀ ਕਬੂਲ ਕੀਤਾ ਹੈ ਅਤੇ ਉਸ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਅਜੇਹੀਆਂ ਗਤੀਵਿਧੀਆਂ ਨੂੰ ਬਗ਼ਾਵਤ ਨਹੀਂ ਮੰਨਿਆ ਜਾਂਦਾ। ਉਸ ਨੂੰ ਕਿਹਾ ਗਿਆ ਸੀ ਕਿ ਉਹ ਭਾਰਤ ਵਿਚ ਵੀ ਯੁਗਾਂਤਰ ਆਸ਼ਰਮ ਵਰਗਾ ਹੀ ਇਕ ਆਸ਼ਰਮ ਸਥਾਪਤ ਕਰੇ; ਅਤੇ ਜੇ ਲੋੜ ਹੋਵੇ ਤਾਂ ਚੋਰੀ ਛਿਪੇ ਸਾਹਿਤ ਵੀ ਵੰਡੇ।

**ਫੈਸਲੇ ਦਾ ਤੱਤਸਾਰ**

ਇਹ ਮੁਲਜ਼ਮ ਦੇ ਕੇਸ ਦਾ ਭਰਪੂਰ ਅਤੇ ਪੂਰਨ ਰਿਕਾਰਡ ਹੈ ਅਤੇ ਇਹ ਦੇਖਿਆ ਜਾ ਸਕਦਾ ਹੈ ਕਿ ਖੁਦ ਉਸ ਦੇ ਬਿਆਨ ਹੀ ਪ੍ਰਾਸੀਕਿਊਸ਼ਨ ਦੇ ਗਵਾਹਾਂ ਦੀ ਗਵਾਹੀ ਦੀ ਸੱਚਾਈ ਨੂੰ ਕਿਸ ਤਰ੍ਹਾਂ ਸਾਬਤ ਕਰ ਦਿੰਦੇ ਹਨ। ਬਚਾਉ ਪੱਖ ਦੇ ਕੋਈ ਗਵਾਹ ਨਹੀਂ ਹਨ; ਸਾਰੇ ਮੁਕੱਦਮੇ ਵਿਚ ਵਿਸ਼ੇਸ਼ ਤੌਰ ਤੇ ਕੋਈ ਜਿਰ੍ਹਾ ਹੋਈ ਹੀ ਨਹੀਂ; ਅਤੇ ਸਾਡੇ ਸਾਹਮਣੇ ਮੁਲਜ਼ਮ ਨੇ ਖੁਦ ਆਪਣੇ ਕੇਸ ਤੇ ਜਿਰ੍ਹਾ ਕਰਨ ਦੀ ਕੋਈ ਇੱਛਾ ਜ਼ਾਹਿਰ ਨਹੀਂ ਕੀਤੀ ਅਤੇ ਨਾ ਹੀ ਉਸ ਲਈ ਨਿਯੁਕਤ ਕੀਤੇ ਵਕੀਲ ਨੂੰ ਜਿਰ੍ਹਾ ਦੀ ਇਜਾਜ਼ਤ ਦਿੱਤੀ। ਸਿਰਫ਼ ਇਹ ਕਹਿਣਾ ਬਾਕੀ ਰਹਿ ਜਾਂਦਾ ਹੈ ਕਿ ਮੁਲਜ਼ਮ ਦਾ ਗੁਨਾਹ ਧੁਰ ਤੱਕ ਸਾਬਿਤ ਹੋ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਨੌਜਵਾਨ ਹੈ; ਪਰ ਉਹ ਨਿਸ਼ਚੇ ਹੀ ਇਨ੍ਹਾਂ ਸਾਰਿਆਂ ਵਿੱਚ ਹੀ ਸਭ ਤੋਂ ਵੱਧ ਖ਼ਤਰਨਾਕ ਹੈ ਜਿਸ ਤੇ ਕੋਈ ਦਇਆ ਕਰਨੀ ਜਾਂ ਦਿਖਾਉਣੀ ਨਹੀਂ ਬਣਦੀ।

ਉਸ ਨੂੰ ਫਾਂਸੀ ਦੁਆਰਾ ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਜਾਂਦੀ ਹੈ।

**(2) ਵਿਸ਼ਨੂ ਗਣੇਸ਼ ਪਿੰਗਲੇ ਸਪੁੱਤਰ ਗਣੇਸ਼ ਪਿੰਗਲੇ, ਬ੍ਰਾਹਮਣ-ਮਰਹੱਟਾ, ਵਾਸੀ ਤਲੇਗਾਂਵ ਧਮਧੇੜਾ, ਜ਼ਿਲ੍ਹਾ ਪੂਨਾ, ਉਮਰ 22 ਸਾਲ :**

(ਨੋਟ: ਕੀ ਇਹ 'ਮਹਿਜ਼ ਇਤਫ਼ਾਕ' ਹੀ ਸੀ ਕਿ ਜਿਵੇਂ ਕਰਤਾਰ ਸਿੰਘ ਦਾ ਨਿਕਟਵਰਤੀ ਪੂਨੇ ਤੋਂ ਮਰਹੱਟਾ-ਬ੍ਰਾਹਮਣ ਸੀ, ਤਿਵੇਂ ਹੀ ਕਰਤਾਰ ਦੇ 'ਭਗਤ' ਦਾ ਲੰਗੋਟੀਆ ਸ਼ਿਵ ਰਾਮ ਰਾਜ ਗੁਰੂ ਵੀ ਪੂਨੇ ਦਾ ਹੀ ਬ੍ਰਾਹਮਣ-ਮਰਹੱਟਾ ਸੀ — ਲੇਖਕ)

**ਅਦਾਲਤੀ ਫੈਸਲੇ ਦੇ ਮੁੱਖ ਅੰਸ਼:**

ਇਸ ਮੁਲਜ਼ਮ ਨੇ ਆਪਣੇ ਖ਼ਿਲਾਫ਼ ਆਇਦ ਜੁਰਮਾਂ ਬਾਰੇ ਆਪਣੇ ਆਪ ਨੂੰ ਨਿਰਦੋਸ਼ ਕਿਹਾ ਹੈ, ਪਰ ਉਂਜ ਉਸਨੇ ਆਪਣੇ ਬਚਾਉ ਹਿਤ ਕੋਈ ਸਬੂਤ ਪੇਸ਼ ਨਹੀਂ ਕੀਤਾ। ਉਹ ਵਾਕਈ 20 ਨਵੰਬਰ 1914 ਨੂੰ ਐਸ.ਐਸ. 'ਸਲਾਮਿਸ' (S.S. 'Salamis') ਜਹਾਜ਼ ਤੇ ਕਲਕੱਤੇ ਪਹੁੰਚਿਆ ਸੀ, ਜਿਸ ਤੇ ਤਿੰਨ ਹੋਰ ਦੋਸ਼ੀ (ਬਲਵੰਤ ਸਿੰਘ ਸਠਿਆਲਾ, ਗੁਰਦਿੱਤ ਸਿੰਘ ਸੁਰ ਸਿੰਘ, ਤੇ ਵਸਾਵਾ ਸਿੰਘ ਗਿੱਲਵਾਲੀ) ਵੀ ਆਏ ਸਨ।

ਪਿੰਗਲੇ ਨੂੰ 23 ਮਾਰਚ 1915 ਰਾਤੀਂ ਮੇਰਠ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

**ਵਾਦਾ ਮਾਫ਼ ਗਵਾਹਾਂ ਦੇ ਬਿਆਨ:**

1) (ਵਾਦਾ ਮਾਫ਼) ਅਮਰ ਸਿੰਘ (ਰਾਜਪੂਤ) — ਕਹਿੰਦੈ ਕਿ ਦਸੰਬਰ 1914 ਦੇ ਅਖ਼ੀਰ ਵਿੱਚ ਜਦੋਂ ਇਸ ਦੋਸ਼ੀ ਨਾਲ ਕਰਤਾਰ ਸਿੰਘ (ਸਰਾਭਾ) ਤੇ ਨਿਧਾਨ ਸਿੰਘ (ਚੁਘਾ) ਵੀ ਸਨ, ਮੇਰੀ ਇਹਦੇ ਨਾਲ ਜਾਣ-ਪਛਾਣ ਹੋਈ ਸੀ ਅਤੇ ਫਿਰ ਪਰਮਾਨੰਦ (ਝਾਂਸੀ) ਨਾਲ ਕਪੂਰਥਲੇ ਵੀ, ਅਤੇ ਇਸ ਨੇ ਸਾਨੂੰ ਸਭ ਨੂੰ ਦੱਸਿਆ ਸੀ ਕਿ ਬੰਗਾਲੀ ਪਾਰਟੀ ਦਾ ਇੱਕ ਵਿਅਕਤੀ ਵੀ ਸਾਡਾ ਸਾਥ ਦੇਵੇਗਾ।

ਕੁੱਝ ਚਿਰ ਪਿਛੋਂ ਦੋਸ਼ੀ ਉਸਨੂੰ ਲਾਹੌਰ ਗਵਾਲਮੰਡੀ ਵਾਲੇ ਮਕਾਨ ਵਿੱਚ ਰਾਸ ਬਿਹਾਰੀ ਨਾਲ ਵੀ ਮਿਲਿਆ ਸੀ। ਇਹ 4 ਫਰਵਰੀ 1915 ਦੀ ਗੱਲ ਹੈ। ਉਹਨੇ ਲਾਹੌਰ ਵਾਲੇ ਨੰਬਰ 1 ਮਕਾਨ 'ਚ 16 ਫਰਵਰੀ ਸ਼ਾਮੀਂ ਹੋਈ ਮੀਟਿੰਗ 'ਚ ਭਾਗ ਲਿਆ ਸੀ ਤੇ ਇਸ ਨ ਕਰਤਾਰ ਸਿੰਘ (ਸਰਾਭੇ) ਨਾਲ ਫ਼ੌਜੀਆਂ ਲਈ (ਪਾਰਟੀ) ਝੰਡੇ ਅਤੇ 'ਗ਼ਦਰ ਦੀਆਂ ਗੂੰਜਾਂ' ਦੇ ਕੇ ਲੁਧਿਆਣੇ ਤੇ ਫ਼ਿਰੋਜ਼ਪੁਰ ਬੰਦੇ ਇਕੱਠੇ ਕਰਨ ਲਈ ਭੇਜਿਆ ਗਿਆ ਸੀ। 19 ਫਰਵਰੀ ਪੁਲਿਸ ਛਾਪੇ ਵੇਲੇ ਇਹ ਰਾਸ ਬਿਹਾਰੀ ਰਾਉ ਤੇ ਜਮਨਾ ਦਾਸ ਨਾਲ

ਲਾਹੌਰ ਵਾਲੇ ਮਕਾਨ ਨੰਬਰ 1 ’ਚ ਮੌਜੂਦ ਸੀ।

2) ਮੂਲਾ ਸਿੰਘ (ਵਾਦਾ ਮਾਫ਼) — ਕਹਿੰਦੈ ਕਿ ਉਹ ਦੋਸ਼ੀ ਨੂੰ ਨਵੰਬਰ 1914 ’ਚ ਸਿੰਗਾਪੁਰ ਮਿਲਿਆ ਸੀ ਅਤੇ ਸਾਡਾ ਵਿਦਰੋਹ ਕਰਨ ਦੀਆਂ ਸਕੀਮਾਂ ਬਾਰੇ ਸਲਾਹ-ਮਸ਼ਵਰਾ ਹੋਇਆ ਸੀ ਅਤੇ ਵਾਪਸੀ ਤੇ ਅਮ੍ਰਿਤਸਰ ਇਕੱਠੇ ਹੋਣਾ ਤੈਅ ਹੋਇਆ ਸੀ। ਫਿਰ ਮੈਨੂੰ ਉਹ ਜਨਵਰੀ 1915 ਤੋਂ ਕੁੱਝ ਕੁ ਪਹਿਲਾਂ ਪੰਜਾਬੀ ਪਹਿਰਾਵੇ ਵਿੱਚ (ਸ਼ਚਿੰਦਰ) ਸਾਨਿਆਲ ਨਾਲ (ਅਮ੍ਰਿਤਸਰ) ਵੀਰਪਾਲੀ ਧਰਮਸ਼ਾਲਾ ’ਚ ਮਿਲਿਆ, ਜਿਥੇ ਉਹਨੇ ਖ਼ੁਲਾਸਾ ਕੀਤਾ ਸੀ ਕਿ ਉਹ ਉਸ ਬੰਗਾਲੀ ਨੂੰ ਲਿਆ ਸਕਦੈ ਜਿਸਨੇ ਵਾਇਸਰਾਏ ਤੇ ਬੰਬ ਸੁਟਿਆ ਸੀ, ਪਰ ਨਾਲ ਹੀ ਗਵਾਹ ਨੂੰ ਕਿਹਾ ਕਿ ਉਸ ਬੰਗਾਲੀ ਦਾ ਨਾਂ ਨਹੀਂ ਦੱਸਿਆ ਜਾ ਸਕਦਾ; ਮਗਰੋਂ ਉਹ ਮੱਧ-ਜਨਵਰੀ ਨੇੜੇ ਰਾਸ ਬਿਹਾਰੀ ਨਾਲ ਪਹੁੰਚ ਜਾਂਦਾ ਹੈ। ਉਸੇ ਸ਼ਾਮੀਂ ਵਾਇਸਰਾਇ ਤੇ ਬੰਬ ਸੁਟਣ ਬਾਰੇ ਅਤੇ ਇਨਕਲਾਬੀ ਤੌਰ-ਤਰੀਕਿਆਂ ਬਾਰੇ ਚਰਚਾ ਹੋਈ ਸੀ ਤੇ ਪਿੰਗਲੇ ਨੇ ਮੈਨੂੰ ਰਾਸ ਬਿਹਾਰੀ ਦਾ ਨਾਂ ਚੁਚੰਦਰਾ ਨਾਥ ਦੱਤ ਦੱਸਿਆ ਸੀ। ਅਖੀਰ ਜਨਵਰੀ ਦੌਰਾਨ ਰਾਸ ਬਿਹਾਰੀ ਦੋਸ਼ੀ ਨੂੰ ਰਾਉ ਅਤੇ ਕਰਤਾਰ ਸਿੰਘ (ਸਰਾਭੇ) ਨਾਲ ਅਲਾਹਾਬਾਦ ਜਾਂ ਮੇਰਠ ਭੇਜਦਾ ਹੈ ਤੇ 6 ਫਰਵਰੀ ਨੂੰ ਰਾਉ ਵਾਪਸ ਆਕੇ ਦਸਦੈ ਕਿ ਉਹਨਾਂ ਦੋਹਾਂ ਨੂੰ ਮੇਰਠ ਛੱਡ ਕੇ ਆਇਐ। ਦੋਸ਼ੀ 12 ਫਰਵਰੀ ਨੂੰ ਰਾਸ ਬਿਹਾਰੀ ਵਾਲੇ ਮਕਾਨ ’ਚ ਹਾਜ਼ਰ ਸੀ, ਜਿਸ ਮੌਕੇ 21 ਫਰਵਰੀ ਨੂੰ ਵਿਦਰੋਹ ਕਰਨ ਤੇ ਕੌਮੀ ਝੰਡਾ ਬਨਾਉਣ ਦਾ ਫ਼ੈਸਲਾ ਲਿਆ ਗਿਆ ਸੀ।

3) ਵਾਦਾ ਮਾਫ਼ ਸੁਚਾ ਸਿੰਘ (ਵਿਦਿਆਰਥੀ) ਨੇ ਦੱਸਿਆ ਹੈ ਕਿ 2-3 ਫਰਵਰੀ ਨੂੰ ਉਹ ਦੋਸ਼ੀ ਨੂੰ ਅਮ੍ਰਿਤਸਰ ਮਿਲਦਾ ਹੈ ਜੋ ਉਹਨੂੰ ਆਪਣੇ ਨਾਲ ਆਗਰਾ, ਕਾਨਪੁਰ, ਅਤੇ ਬਨਾਰਸ ਲੈ ਗਿਆ, ਜਿੱਥੇ 6 ਫਰਵਰੀ ਨੂੰ ਅਸੀਂ ਰਾਉ ਨੂੰ ਮਿਲੇ ਤੇ ਦੋਸ਼ੀ ਬੰਗਾਲੀ ਪਹਿਰਾਵਾ ਧਾਰ ਕੇ ਰਾਉ ਨਾਲ ਫ਼ੌਜੀਆਂ ਨੂੰ ਭੜਕਾਉਣ ਲਈ ਚਲਾ ਗਿਆ। ਸੁਚਾ ਸਿੰਘ ਨੂੰ ਵਿਦਰੋਹੀ ਸਾਹਿਤ ਦੇ ਕੇ ਫੈਜ਼ਾਬਾਦ (ਯੂ.ਪੀ.) ਭੇਜ ਦਿੱਤਾ ਗਿਆ ਸੀ।

4) ਵਾਦਾ ਮਾਫ਼ ਓਮਰਾਉ ਸਿੰਘ (ਜਿਹੜਾ ਮੁਕਦਮੇ ਦੌਰਾਨ ਗੁਜਰ ਗਿਆ ਸੀ) ਨੇ ਖ਼ੁਲਾਸਾ ਕੀਤਾ ਕਿ ਅਖੀਰ ਦਸੰਬਰ ਦੋਸ਼ੀ ਦੋ ਗ਼ਦਰੀਆਂ ਡਾ. ਮਥੁਰਾ ਸਿੰਘ ਅਤੇ ਹਰਨਾਮ ਸਿੰਘ (ਜਿਹਲਮ) ਨਾਲ ਲੁਧਿਆਣਾ ਨੇੜਲੇ ਪਿੰਡ ਝਾਬੇਵਾਲ (ਜਿਹੜਾ ਬੰਬ ਸਾਜ਼ੀ ਦਾ ਪਹਿਲਾ ਅੱਡਾ ਸੀ) ਵਿਖੇ ਮਿਲਿਆ ਸੀ, ਜਦੋਂ ਡਾ. ਮਥਰਾ ਸਿੰਘ ਕੁੱਝ ਕੈਮੀਕਲ ਨਾਲ ਲੈ ਕੇ ਆਇਆ ਸੀ।

5) ਗਵਾਹ ਨੰ. 206 ਜੋ ਮੇਰਠ ਛਾਉਣੀ ’ਚ ਤਾਈਨਾਤ 12 ਨੰਬਰ ਰਸਾਲੇ ’ਚ ਜਮਾਦਾਰ (ਨਾਇਕ ਸੂਬੇਦਾਰ) ਸੀ “ਮੈਨੂੰ (ਵਾਦਾ ਮਾਫ਼) ਸੁਚਾ ਸਿੰਘ ਦੇ ਚਚੇਰੇ ਭਾਈ ਸਿਪਾਹੀ ਅਮਰ ਸਿੰਘ ਤੋਂ ਪਤਾ ਚਲਿਆ ਸੀ ਕਿ ਦੋਸ਼ੀ, ਸੁਚਾ ਸਿੰਘ ਅਤੇ ਕਰਤਾਰ ਸਿੰਘ (ਸਰਾਭਾ) ਬੇਰਕਾ ’ਚ ਆਏ ਸਨ (ਦੋਸ਼ੀ ਉਥੇ ਆਪਣਾ ਨਾਂ ‘ਦਲਪਤ ਸਿੰਘ’ ਦੱਸਦਾ ਸੀ)। ਮਂ ਇਹੀ ਇਤਲਾਹ ਆਪਣੇ ਕਮਾਨ ਅਫਸਰ ਨੂੰ ਦੇ ਦਿੱਤੀ। ਮੈਨੂੰ ਮਗਰੋਂ ਪਤਾ ਚਲਿਆ ਕਿ ਦੋਸ਼ੀ ਇਹ ਪ੍ਰਚਾਰ ਕਰਦਾ ਸੀ ਕਿ 300 ਬੰਦੇ ਫ਼ਿਰੋਜ਼ਪੁਰ ਤਿਆਰ-ਬਰ-ਤਿਆਰ ਨੇ ਤੇ ਬੰਬ ਲੁਧਿਆਣੇ ਉਪਲਬਦ ਨੇ। ਮੈਂ ਦੋਸ਼ੀ ਦੇ ਕਹਿਣ ਤੇ ਉਹਦੇ ਨਾਲ ਬਨਾਰਸ ਵੀ ਗਿਆ ਸਾਂ। ਉਥੋਂ ਮੈਂ ਦੋਸ਼ੀ ਨਾਲ ਇੱਕ ਟਰੰਕ, ਜਿਸ ਵਿੱਚ 10 ਬੰਬ ਸਨ, ਨਾਲ ਲੈ ਕੇ 22 ਮਾਰਚ ਨੂੰ ਮੇਰਠ ਪਰਤਿਆ ਸਾਂ, ਜਿਥੇ ਦੋਸ਼ੀ 23 ਮਾਰਚ ਰਾਤੀਂ ਬੰਬਾਂ ਦੇ ਬਕਸੇ ਸਮੇਤ ਗ੍ਰਿਫ਼ਤਾਰ ਹੋ ਜਾਂਦਾ ਹੈ।

**ਫੈਸਲੇ ਦੇ ਅੰਤਲੇ ਪੈਰ੍ਹੇ:**

ਦੋਸ਼ੀ ਉਚੇਰੀ ਵਿਦਿਆ ਅਤੇ ਅੰਗ੍ਰੇਜ਼ੀ ’ਚ ਮੁਹਾਰਤ ਦਾ ਧਾਰਨੀ ਹੈ ਅਤੇ ਉਹਨੇ ਆਪਣੇ ਵਿਰੁੱਧ ਭੁਗਤੇ ਗਵਾਹਾਂ ਤੇ ਜਿਰ੍ਹਾ ਵੀ ਖ਼ੁਦ ਹੀ ਕੀਤੀ ਹੈ; ਸਾਡੇ ਪੁਛਣ ਤੇ ਕੀ ਉਹ ਆਪਣੇ ਪੱਖ ਦੀ ਆਪ ਵਕਾਲਤ ਕਰਨਾ ਚਾਹੇਗਾ, ਤਾਂ ਉਹਨੇ ਐਨਾ ਹੀ ਕਿਹਾ ਕਿ ਗਵਾਹਾਂ ਨੇ ਤਾਂ ਮਨਘੜਤ ਤੱਥ ਹੀ ਪੇਸ਼ ਕੀਤੇ ਹਨ।

ਕੁੱਝ ਵੀ ਹੋਵੇ ਦੋਸ਼ੀ ਦੇ ਵਿਦਰੋਹ ਨਾਲ ਸੰਬੰਧਾਂ ਅਤੇ ਰਾਸ ਬਿਹਾਰੀ ਬੋਸ ਨਾਲ ਸਾਂਝ ਬਾਰੇ ਕੋਈ ਸ਼ਕ ਦੀ ਗੁੰਜਾਇਸ਼ ਹੀ ਨਹੀਂ ਰਹਿ ਗਈ, ਉਹਦੇ ਫ਼ੌਜੀਆਂ ਨੂੰ ਭੜਕਾਉਣ ਬਾਰੇ ਕੋਈ ਸ਼ਕ ਨਹੀਂ, ਅਤੇ ਉਸ ਨੇ ਬਨਾਰਸ ਤੋਂ ਬੰਬ ਲਿਆਉਣ ’ਚ ਮੁੱਖ ਭੂਮਿਕਾ ਨਿਭਾਈ ਹੈ। ਵੈਸੇ ਇਹ ਅਤੀ ਦੁਖਦਾਈ ਗੱਲ ਹੈ ਕਿ ਐਨਾ ਹੋਣਹਾਰ ਨੌਜਵਾਨ, ਜੋ ਜ਼ਿੰਦਗੀ ’ਚ ਕਿਤੇ ਦਾ ਕਿਤੇ ਪਹੁੰਚ ਸਕਦਾ ਸੀ, ਵਿਦਰੋਹੀਆਂ ਨਾਲ ਸਾਂਝ-ਭਿਆਲ਼ੀ ਪਾਕੇ ਉਹਦਾ ਇਹ ਹਸ਼ਰ ਹੋਇਐ।

ਸਜ਼ਾ: ਫਾਂਸੀ ਤੇ ਜਾਇਦਾਦ ਜਬਤੀ।

## (3) ਜਗਤ ਸਿੰਘ ਉਰਫ਼ ਜੈ ਸਿੰਘ, ਸਪੁੱਤਰ ਅਰੂੜ ਸਿੰਘ, ਵਾਸੀ ਸੁਰ ਸਿੰਘ, ਥਾਣਾ ਖਾਲੜਾ, ਜ਼ਿਲ੍ਹਾ ਲਾਹੌਰ, ਜੱਟ, ਉਮਰ 32 ਸਾਲ:

ਇਸ ਦੋਸ਼ੀ ਨੂੰ ਜੋ ਸਾਰੇ ਦੋਸ਼ਾਂ ਤੋਂ ਇਲਕਾਰੀ ਹੈ, ਆਪਣੇ ਜਹਾਜ਼ ਦਾ ਨਾਂ ਤਾਂ ਯਾਦ ਨਹੀਂ, ਜਿਸ ਰਾਹੀਂ ਉਹ ਵਾਪਸ ਆਇਆ ਸੀ, ਪਰ ਉਹ ਕਹਿੰਦੈ ਕਿ ਮੈਂ ਕਿਸੇ ਜਾਪਾਨੀ ਜਹਾਜ਼ ਤੇ ਆਇਆ ਸੀ, ਜੀਹਦਾ ਨਾਂ ਮੈਨੂੰ ਯਾਦ ਨਹੀਂ।

**ਗਵਾਹਾਂ ਦੇ ਬਿਆਨ:**

1) ਵਾਦਾ ਮਾਫ਼ ਅਮਰ ਸਿੰਘ (ਰਾਜਪੂਤ) ਅਨੁਸਾਰ, ਦੋਸ਼ੀ 19 ਨਵੰਬਰ ਨੂੰ ਮੋਗਾ ਵਾਲੀ ਅਤੇ ਬਦੋਵਾਲ-ਮੁਲਾਂਪੁਰ ਵਾਲੀ ਮੀਟਿੰਗ ਵਿੱਚ ਹਾਜਰ ਸੀ, ਜਿਸ ਮਗਰੋਂ ਉਹ ਕਰਤਾਰ ਸਿੰਘ (ਸਰਾਭੇ) ਨਾਲ ਲਾਹੌਰ ਪਰਤਿਆ ਸੀ; ਉਹ ਅਮ੍ਰਿਤਸਰ ਸੰਤ ਗਲਾਬ ਸਿੰਘ ਧਰਮਸ਼ਾਲਾ ਵਾਲੀ ਮੀਟਿੰਗ ਵਿੱਚ ਵੀ ਹਾਜ਼ਰ ਸੀ, ਜਿੱਥੇ ਉਸਨੇ ਆਪਣੀ ਜ਼ਮੀਨੀ ਜਾਇਦਾਦ ਗਿਰਵੀ ਕਰ ਕੇ ਉਪਲਬਦ

ਪੂੰਜੀ ਪਾਰਟੀ ਨੂੰ ਭੇਟਾ ਕਰਨ ਦੀ ਇੱਛਾ ਪ੍ਰਗਟਾਈ ਸੀ। ਉਸਨੂੰ ਫ਼ਿਰੋਜ਼ਪੁਰ ਨਿਧਾਨ ਸਿੰਘ (ਚੁਘਾ) ਵੱਲ ਨੂੰ ਭੇਜਿਆ ਗਿਆ ਸੀ ਤਾਂ ਜੋ ਉਹਦੀ ਟੋਲੀ ਨੂੰ ਲਾਹੌਰ ਛਾਉਣੀ ਤੇ ਧਾਵੇ ਦੇ ਨਾਕਾਮ ਹੋਣ ਦੀ ਇਤਲਾਹ ਦੇ ਦੇਵੇ। ਉਹ 14 ਫਰਵਰੀ ਵਾਲੇ ਦਿਨ ਰਾਸ ਬਿਹਾਰੀ ਨਾਲ ਚਰਚਾ ਕਰਨ ਲਈ ਲਾਹੌਰ ਆਇਆ ਸੀ ਅਤੇ 16 ਤਰੀਕ ਨੂੰ ਖੜਕ ਸਿੰਘ (ਵਿਦਿਆਰਥੀ) ਨਾਲ ਬੰਦੇ ਤੇ ਪੈਸੇ ਜੁਟਾਉਣ ਲਈ ਜੱਲੋਂ ਵੱਲ ਨੂੰ ਗਿਆ ਸੀ; ਇਹ ਉਹਦੇ ਜਤਨਾਂ ਕਰਕੇ ਹੀ ਸੀ ਕਿ ਲਾਹੌਰ ਮਕਾਨ ਨੰ: 1 ਅਤੇ 19 ਫਰਵਰੀ ਨੂੰ ਤੇ ਉਸ ਤੋਂ ਬਾਦ ਵੀ ਬਾਹਰੋਂ ਆਦਮੀ ਆ ਪਹੁੰਚੇ ਸਨ।

2) ਵਾਦਾ ਮਾਫ਼ ਮੂਲਾ ਸਿੰਘ — ਨੂੰ ਉਹ ਯੋਕੋਹਾਮਾ (ਜਾਪਾਨ) ਤੇ ਸ਼ੰਘਾਈ ਮਿਲਿਆ ਸੀ ਅਤੇ ਤਰਨ ਤਾਰਨ ਅਮਾਵਸ ਮੇਲੇ ਤੇ ਵਿਦਰੋਹੀ ਕਾਰਵਾਈਆਂ ਦੇ ਸੰਬੰਧ 'ਚ ਵੀ ਮਿਲਿਆ ਸੀ; ਦੋਸ਼ੀ ਉਸ ਨੂੰ ਲਾਲ ਸਿੰਘ (ਭੂਰੇ) ਕੋਲ ਲਿਜਾਂਦਾ ਹੈ, ਜਿੱਥੇ ਉਹਨੂੰ ਸਰਹਾਲੀ ਵਾਲੇ ਇਕੱਠ ਬਾਰੇ ਦੱਸਿਆ ਜਾਂਦੈ ਕਿ ਕਿਵੇਂ ਉਹ ਬਿਨਾ ਕੁੱਝ ਕੀਤੇ ਖਿੰਡ-ਪੁੰਡ ਗਿਆ ਸੀ। ਦੋਸ਼ੀ ਕਰਤਾਰ ਸਿੰਘ (ਸਰਾਭਾ) ਤੇ ਨਿਧਾਨ ਸਿੰਘ (ਚੁਘਾ) ਸਮੇਤ ਉਸ ਨੂੰ ਅਮ੍ਰਿਤਸਰ ਮਿਲਣ ਦਾ ਇਕਰਾਰ ਕਰਦਾ ਹੈ, ਹਾਲਾਂਕਿ ਇਹੋ ਮਿਲਣੀ ਪਛੜ ਕੇ ਹੋਈ ਸੀ। ਦੋਸ਼ੀ ਪਿੰਗਲੇ, ਪਰਮਾਨੰਦ (ਝਾਂਸੀ) ਅਤੇ ਵਾਦਾ ਮਾਫ਼ ਅਮਰ ਸਿੰਘ (ਰਾਜਪੂਤ) ਨੂੰ ਵੀਰਪਾਲੀ ਧਰਮਸ਼ਾਲਾ 'ਚ ਲਿਆਉਂਦਾ ਹੈ ਅਤੇ ਫਿਰ ਉਹ ਸੁਰ ਸਿੰਘ ਵਿਖੇ ਦੋਸ਼ੀਆਨ ਇੰਦਰ ਸਿੰਘ ਅਤੇ ਹਰੀ ਸਿੰਘ ਦੀ ਮੌਜੂਦਗੀ 'ਚ ਦੱਸਦਾ ਹੈ ਕਿ ਉਸਨੇ 100 ਰੁਪੈ 10 ਜਨਵਰੀ ਨੂੰ ਨਿਧਾਨ ਸਿੰਘ ਲਈ ਭੇਜੇ ਨੇ। ਇਹੀ ਗਵਾਹ ਦੋਸ਼ੀ ਦੀ ਮਨਸੂਰਾਂ ਤੇ ਚੱਬਾਂ ਡਕੈਤੀਆਂ 'ਚ ਸ਼ਮੂਲੀਅਤ ਦਾ ਖ਼ੁਲਾਸਾ ਕਰਦੈ ਤੇ ਨਾਲ ਇਹ ਕਿ ਉਸਨੇ ਦੋਸ਼ੀ ਹਿਰਦੇ ਰਾਮ (ਮੰਡੀ) ਦੁਆਰਾ ਉਹ ਬੰਬ ਬਨਾਉਣ 'ਚ ਸਹਾਇਤਾ ਕੀਤੀ ਸੀ, ਜੋ ਚੱਬਾ ਡਕੈਤੀ 'ਚ ਵਰਤੇ ਗਏ ਸਨ। ਪਿਛੋਂ ਉਸਨੇ ਗਵਾਹ (ਮੂਲਾ ਸਿੰਘ) ਨੂੰ 20 ਰੁਪੈ ਦੇ ਕੇ ਸਰਗੋਧੇ ਉਸ ਰਸਾਲੇ ਵਿੱਚ ਸਿਪਾਹੀਆਂ ਨੂੰ ਭੜਕਾਉਣ ਲਈ ਭੇਜਿਆ ਸੀ, ਜਿਸ 'ਚ ਪਹਿਲਾਂ ਉਹ ਨੌਕਰ ਸੀ ਤੇ ਨਾਲੇ ਜਿਥੋਂ ਉਹ ਅਖ਼ੀਰ ਕਰਤਾਰ ਸਿੰਘ (ਸਰਾਭਾ) ਅਤੇ ਹਰਨਾਮ ਸਿੰਘ (ਟੁੰਡੀ ਲਾਟ) ਨਾਲ ਫੜਿਆ ਵੀ ਗਿਆ ਸੀ।

3) ਇਨਸਪੈਕਟਰ ਅਹਿਮਦ ਖਾਂ, 22 ਨੰਬਰ ਰਸਾਲ ਦਾ ਇੱਕ ਰਸਾਲਦਾਰ ਤੇ ਕੁੱਝ ਹੋਰ ਗਵਾਹਾਂ ਨੇ ਦੋਸ਼ੀ ਦੇ ਕਰਤਾਰ ਸਿੰਘ ਅਤੇ ਹਰਨਾਮ ਸਿੰਘ ਨਾਲ ਗ੍ਰਿਫ਼ਤਾਰੀ ਦੇ ਵੇਰਵੇ ਦਿੱਤੇ ਕਿ ਕਿਵੇਂ ਇਹ ਤਿੰਨੇ 2 ਮਾਰਚ 1915 ਨੂੰ ਚੱਕ ਨੰ: 5 ਸਥਿਤ ਰਸਾਲੇ ਦੇ ਸਿਪਾਹੀਆਂ ਨੂੰ ਭੜਕਾਉਂਦੇ ਹੋਏ ਗ੍ਰਿਫਤਾਰ ਹੋਏ ਸਨ, ਜਿਸ ਮੌਕੇ ਦੋਸ਼ੀ ਕੋਲੋਂ 'ਗ਼ਦਰ ਦੀ ਗੂੰਜ' ਵੀ ਬਰਾਮਦ ਹੋਈ ਸੀ।

ਅਖੀਰ ਜੱਜਾਂ ਨੇ ਦੋਸ਼ੀ ਦੀਆਂ ਟਾਲ-ਮਟੋਲ ਵਾਲੀਆਂ ਦਲੀਲਾਂ ਨੂੰ ਨਕਾਰਦਿਆਂ ਉਸਨੂੰ ਫਾਂਸੀ ਤੇ ਕਾਲੇ ਪਾਣੀ ਦੀ ਸਜ਼ਾ ਦਾ ਹੁਕਮ ਦਿੱਤਾ।

### (4) ਹਰਨਾਮ ਸਿੰਘ ਸਪੁੱਤਰ ਸ਼੍ਰੀ ਅਰੂੜਾ, ਵਾਸੀ ਭੱਟੀ ਗੋਰਾਇਆ, ਜ਼ਿਲ੍ਹਾ ਸਿਆਲਕੋਟ, ਜੱਟ, ਉਮਰ 24 ਸਾਲ:

ਇਹ ਦੋਸ਼ੀ ਜਿਸਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ, ਬਿਨਾ ਸ਼ਕ ਸਾਹਨੇਵਾਲ ਮਨਸੂਰਾ ਤੇ ਚੱਬਾ ਵਾਲੀਆਂ ਡਕੈਤੀਆਂ 'ਚ ਸ਼ਾਮਲ ਸੀ। ਇਹ ਪਤਾ ਨਹੀਂ ਸੀ ਕਿ ਉਹ ਕਿਹੜੇ ਜਹਾਜ਼ ਰਾਹੀਂ ਆਇਆ ਸੀ, ਜਿਸਦਾ ਕਾਰਨ ਉਸਨੇ ਇਹ ਦਸਿਐ ਕਿ ਉਹ ਸ਼ੰਘਾਈ ਤੋਂ ਆਇਆ ਸੀ, ਕਿਉਂਕਿ ਜੰਗ ਦੇ ਕਾਰਨ ਉਥੇ ਕੰਮ ਕਾਰ ਬੰਦ ਹੋ ਗਏ ਸੀ। ਸਾਹਨੇਵਾਲ ਤੇ ਮਨਸੂਰਾਂ ਵਾਲੇ ਡਾਕਿਆਂ 'ਚ ਕਤਲ ਵੀ ਹੋਏ ਸੀ।

**ਗਵਾਹਾਂ ਦੇ ਬਿਆਨ:**

1) ਮੂਲਾ ਸਿੰਘ (ਵਾਦਾ ਮਾਫ਼) ਅਨੁਸਾਰ, ਦੋਸ਼ੀ ਨੂੰ ਉਹ ਅਖੀਰ ਦਸੰਬਰ 1914 ਵੇਲੇ ਅਮ੍ਰਿਤਸਰ, ਬਾਬਾ ਅਟੱਲ ਸਥਿਤ ਮਕਾਨ 'ਚ ਮਿਲਿਆ ਸੀ, ਜਦੋਂ ਇਹਦੇ ਨਾਲ ਤਿੰਨ ਹੋਰ ਦੋਸ਼ੀਆਂ (ਰਾਮ ਰੱਖ-ਸਾਹਿਬਾ ਸਰਵਾਨਾ, ਰੁਲੀਆ ਸਿੰਘ-ਸਰਾਭਾ ਅਤੇ ਸਜੱਣ ਸਿੰਘ-ਨਾਰੰਗਵਾਲ) ਸਮੇਤ ਕਰਤਾਰ ਸਿੰਘ (ਸਰਾਭਾ) ਅਤੇ ਨਿਧਾਨ ਸਿੰਘ ਚੁੱਘਾ ਨੂੰ ਵੀ ਮਿਲਿਆ ਸੀ, ਜੋ ਕਪੂਰਥਲਿਉਂ ਪਰਤੇ ਸਨ। ਏਸੇ ਦੋਸ਼ੀ ਨੇ ਹੀ ਮੈਨੂੰ ਵੀਰਪਾਲੀ ਧਰਮਸ਼ਾਲਾ ਵਿੱਚ ਡਾਕਟਰ ਮਥਰਾ ਸਿੰਘ ਨਾਲ ਮਿਲਾਇਆ ਸੀ ਅਤੇ ਉਹ ਬੰਬ ਦੀ ਅਜਮਾਇਸ਼ ਕਰਨ ਵਾਲੇ ਟੋਲੇ ਨਾਲ ਵੀ ਗਿਆ ਸੀ। ਅਧ-ਜਨਵਰੀ 1915 ਉਸ ਵੇਲੇ ਇਹ ਦੋਸ਼ੀ ਵੀ ਮੌਜੂਦ ਸੀ, ਜਦੋਂ ਨਿਧਾਨ ਸਿੰਘ ਨੇ ਸੂਚਿਤ ਕੀਤਾ ਸੀ ਕਿ ਝਾਬੇਵਾਲ (ਲੁਧਿਆਣਾ) ਵਿਖੇ ਬੰਬਾਂ ਲਈ ਕੈਮੀਕਲ ਤਾਂ ਉਪਲਬਦ ਨੇ, ਪਰ ਖੋਲ ਨਹੀਂ ਮਿਲ ਰਹੇ।

2) ਵਾਦਾ ਮਾਫ਼ ਸੁਚਾ ਸਿੰਘ (ਵਿਦਿਆਰਥੀ) ਨੇ ਦਸਿਐ ਕਿ ਦੋਸ਼ੀ ਨੂੰ ਉਹ ਪਹਿਲੀ ਵਾਰ ਉਦੋਂ ਮਿਲਿਆ ਸੀ, ਜਦੋਂ ਕਰਤਾਰ ਸਿੰਘ (ਸਰਾਭੇ) ਨਾਲ ਮੇਰੇ ਕਮਰੇ 'ਚ ਆਇਆ ਸੀ, ਜਿੱਥੇ ਰਾਤ ਭਰ ਵਿਚਾਰ-ਵਟਾਂਦਰੇ ਹੋਏ ਸਨ।

3) ਪੁਲਿਸ ਉਪ ਕਪਤਾਨ ਲਿਆਕਤ ਹਯਾਤ ਅਨੁਸਾਰ, ਮੂਲਾ ਸਿੰਘ (ਵਾਦਾ ਮਾਫ਼) ਨੇ ਆਪਣੇ 12 ਮਾਰਚ 1915 ਵਾਲੇ ਇਕਬਾਲੀਆ ਬਿਆਨ ਤੋਂ ਪਹਿਲਾਂ ਦੋਸ਼ੀ ਦਾ ਜ਼ਿਕਰ ਕੀਤਾ ਸੀ।

4) ਪੁਲਿਸ ਇਨਸਪੈਕਟਰ ਅਮੀਰ ਅਲੀ ਨੇ ਦਸਿਐ ਕਿ ਉਸਨੇ (ਵਾਦਾ ਮਾਫ਼) ਮੂਲਾ ਸਿੰਘ ਦੀ ਨਿਸ਼ਾਨਦੇਹੀ ਤੇ ਦੋਸ਼ੀ ਨੂੰ 22 ਅਪ੍ਰੈਲ ਵਾਲੇ ਦਿਨ ਗ੍ਰਿਫ਼ਤਾਰ ਕੀਤਾ ਸੀ।

**ਫ਼ੈਸਲੇ ਦਾ ਅੰਤਲਾ ਭਾਗ**

ਦੋਸ਼ੀ ਸਾਰੇ ਦੋਸ਼ਾਂ ਤੋਂ ਇਨਕਾਰੀ ਹੈ, ਪਰ ਉਹਨੇ ਆਪਣੀ ਸਫ਼ਾਈ 'ਚ ਕੋਈ ਗਵਾਹ ਪੇਸ਼ ਨਹੀਂ ਕੀਤਾ। ਹੁਣ ਚੂੰਕਿ ਜਿਨ੍ਹਾਂ ਤਿੰਨਾਂ ਡਾਕਿਆ ਵਿੱਚ ਉਹਨੇ ਭਾਗ ਲਿਆ ਹੈ, ਉਨ੍ਹਾਂ ਦਾ ਮਕਸਦ ਵਿਦਰੋਹੀਆਂ ਲਈ ਧਨ ਜੁਟਾਉਣਾ ਸੀ। ਇਨ੍ਹਾਂ 'ਚ ਦੋ ਡਾਕਿਆਂ ਦੌਰਾਨ ਕਤਲ ਵੀ ਹੋਏ ਹਨ। ਤਦ ਅਨੁਸਾਰ ਉਹਦਾ ਸਾਜਿਸ਼ ਨਾਲ ਸਿਧਾ ਸੰਬੰਧ ਸਾਬਤ ਹੁੰਦਾ ਹੈ।

ਸਜ਼ਾ: ਫਾਂਸੀ ਤੇ ਜਾਇਦਾਦ ਜਬਤੀ।

(5) **ਸੁਰੈਣ ਸਿੰਘ (ਵੱਡਾ) ਸਪੁੱਤਰ ਬੂੜ ਸਿੰਘ, ਵਾਸੀ ਗਿੱਲਵਾਲੀ, ਥਾਣਾ ਅਮ੍ਰਿਤਸਰ, ਜੱਟ, ਉਮਰ 45 ਸਾਲ:**

ਇਸ ਦੋਸ਼ੀ ਨੇ ਜਿਸ ਤੇ ਚੁੱਬਾ ਡਾਕੇ ਵਿੱਚ ਸਮੂਲੀਅਤ ਤੇ ਬੇਲੀ ਰਾਮ ਦੇ ਕਤਲ ਦਾ ਇਲਜ਼ਾਮ ਬਾਰੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ।

(6) **ਸੁਰੈਣ ਸਿੰਘ (ਛੋਟਾ) ਸਪੁੱਤਰ ਈਸ਼ਰ ਸਿੰਘ, ਵਾਸੀ ਗਿੱਲਵਾਲੀ, ਥਾਣਾ ਅਮ੍ਰਿਤਸਰ, ਜੱਟ, ਉਮਰ 25 ਸਾਲ:**

ਅਤੇ

(7) **ਬਖ਼ਸ਼ੀਸ਼ ਸਿੰਘ ਸਪੁੱਤਰ ਸੰਤਾ ਸਿੰਘ, ਵਾਸੀ ਗਿੱਲਵਾਲੀ, ਥਾਣਾ ਅਮ੍ਰਿਤਸਰ, ਜੱਟ, ਉਮਰ 26 ਸਾਲ:**

ਬਾਰੇ ਵੀ ਫੈਸਲੇ ਵਿੱਚ ਲਗਭਗ ਉਹੀ ਕੁੱਝ ਲਿਖਿਆ ਹੈ, ਜੋ ਸ਼ਹੀਦ ਸੁਰੈਣ ਸਿੰਘ ਬਾਰੇ ਦਰਜ ਹੈ।


ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109

ਫੋਨ: 0172-2556314

ਈਮੇਲ: mjswaraich29@gmail.com


---